Khalsa School Calgary ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8 Phone: 403-293-7712 Fax: 403-293-2245

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਹਿ।।

**ਮਾਪੇ-ਅਧਿਆਪਕ ਕਾਨਫਰੰਸ**
**ਵੀਰਵਾਰ, ਮਾਰਚ 6, 2025 ਸ਼ਾਮ ਨੂੰ 3:00 ਤੋਂ 7:50 ਤੱਕ**
**ਸ਼ੁੱਕਰਵਾਰ, ਮਾਰਚ 7, 2025 ਸਵੇਰ ਨੂੰ 8:10 ਤੋਂ -ਦੁਪਹਿਰ1:30 ਤੱਕ**

ਇਹ ਕਾਨਫਰੰਸਾਂ ਖ਼ਾਲਸਾ ਸਕੂਲ ਕੈਲਗਰੀ ਵਿਖੇ ਵਿਅਕਤੀਗਤ ਤੌਰ ਤੇ ਹੋਣਗੀਆਂ। ਇਹਨਾਂ ਦਿਨਾਂ ਦੌਰਾਨ ਵਿਦਿਆਰਥੀਆਂ ਦੀਆਂ ਕਲਾਸਾਂ ਨਹੀ ਹੋਣਗੀਆਂ,ਪਰ ਅਸੀਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਨਾਲ਼ ਕਾਨਫਰੰਸਾਂ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਦੇ ਹਾਂ।
**ਕਿੰਡਰਗਾਰਟਨ ਤੋਂ ਨੌਵੀਂ ਗ੍ਰੇਡ ਤੱਕ ਦੀਆਂ ਸਾਰੀਆਂ ਕਾਨਫਰੰਸਾਂ ਨਿਰਧਾਰਿਤ ਸਮੇਂ ਤੇ ਹੀ ਹੋਣਗੀਆਂ। ਆਪ ਜੀ ਕਿਸੇ ਵੀ ਅਧਿਅਪਕ ਨੂੰ ਸਿੱਧੇ ਨਹੀਂ ਮਿਲ ਸਕਦੇ। ਸਾਰੇ ਅਧਿਅਪਕਾਂ ਨਾਲ ਮੀਟਿੰਗ ਨੂੰ ਬੁੱਕ ਕਰਨ ਦੀ ਲੋੜ ਹੈ।**
ਮੀਟਿੰਗ ਲਈ ਬੁਕਿੰਗ ਵੀਰਵਾਰ, 21 ਫ਼ਰਵਰੀ ਨੂੰ ਸ਼ਾਮ 6 ਵਜੇ ਤੋਂ ਖੁੱਲ੍ਹੀ ਹੈ ਅਤੇ ਬੁੱਧਵਾਰ, 5 ਮਾਰਚ ਨੂੰ ਸ਼ਾਮ 6:00 ਵਜੇ ਬੰਦ ਹੋਵੇਗੀ। ਕਿਰਪਾ ਕਰਕੇ ਤੁਹਾਡੇ ਵੱਲੋਂ ਸਕੂਲੀ ਸਾਲ ਦੀ ਸ਼ੁਰੂਆਤ ਵਿੱਚ ਬਣਾਏ ਗਏ ਯੂਜ਼ਰਨਾਮ ਅਤੇ ਪਾਸਵਰਡ ਦੀ ਵਰਤੋਂ
ਕਰਕੇ https://ksc.schoolappointments.com ਤੇ ਲੌਗ ਇਨ ਕਰੋ। ਕਿਸੇ ਵੀ ਮੀਟਿੰਗ ਦਾ ਸਮਾਂ ਬੁੱਕ ਕਰਦੇ ਸਮੇਂ, ਆਪਣੇ ਬੱਚੇ ਦਾ ਨਾਮ ਵਰਤੋ, ਨਾ ਕਿ ਮਾਪਿਆਂ ਦਾ।
ਕਿਸੇ ਵੀ ਹੋਰ ਸਵਾਲ ਲਈ, ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।

**ਫ਼ਰਵਰੀ ਅਤੇ ਮਾਰਚ ਮਹੀਨੇ ਵਿੱਚ ਸਿੱਖੀ ਸਬੰਧਿਤ ਦਿਨ**

ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਫ਼ਰਵਰੀ ਮਹੀਨੇ ਵਿੱਚ ਆਏ ਇਤਿਹਾਸਿਕ ਦਿਹਾੜੇ ਵੱਡਾ ਘੱਲੂਘਾਰਾ, ਜਨਮ ਦਿਹਾੜਾ ਬਾਬਾ ਅਜੀਤ ਸਿੰਘ ਜੀ, ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਮਾਰਚ ਮਹੀਨੇ ਵਿੱਚ ਹੋਲਾ-ਮਹੱਲਾ ਅਤੇ ਖ਼ਾਲਸਾ ਸਾਜਨਾ ਦਿਵਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।

Khalsa School Calgary ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8 Phone: 403-293-7712 Fax: 403-293-2245

## ਗੁਰਦੁਆਰਾ ਪਰਫਾਰਮੈਂਸ

ਹਰ ਮਹੀਨੇ ਖ਼ਾਲਸਾ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਵਿਖੇ ਕੀਰਤਨ ਕਰਨ ਜਾਂਦੇ ਹਨ। ਇਸ ਮਹੀਨੇ ਐਤਵਾਰ ੨ ਮਾਰਚ, ੨੦੨੫ ਨੂੰ ਬੱਚਿਆਂ ਦੁਆਰਾ ਸ਼ਬਦ ਕੀਰਤਨ ਕੀਤਾ ਜਾਵੇਗਾ। ਆਪ ਸਭ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ ।

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ।।**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ।।**

**14 ਮਾਰਚ, 1 ਚੇਤ (ਬਿਕ੍ਰਮੀ ਸਾਲ 2082-83) ਨਾਨਕਸ਼ਾਹੀ ਸੰਮਤ 557**

ਖ਼ਾਲਸਾ ਸਕੂਲ ਕੈਲਗਰੀ ਦੇ ਬੋਰਡ ਮੈਂਬਰ, ਪ੍ਰਬੰਧਕ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਆਪ ਸਭ ਨੂੰ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 557 ਦੀਆਂ ਬਹੁਤ-ਬਹੁਤ ਵਧਾਈਆਂ। ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਹੈ ਕਿ ਇਹ ਸਾਲ ਆਪ ਸਭ ਲਈ ਸੇਵਾ, ਸਿਮਰਨ, ਸੰਗਤ, ਤੰਦਰੁਸਤੀ ਅਤੇ ਖੁਸ਼ੀਆਂ ਖੇੜੇ ਲੈ ਕੇ ਆਵੈ।

## ਹੋਲਾ ਮਹੱਲਾ ਅਸੈਂਬਲੀ

ਖ਼ਾਲਸਾ ਸਕੂਲ ਵਲੋਂ ਹੋਲਾ ਮਹੱਲਾ ਦਿਨ ਸ਼ੁੱਕਰਵਾਰ, 14 ਮਾਰਚ, 2025 ਨੂੰ ਮਨਾਇਆ ਜਾ ਰਿਹਾ ਹੈ।ਇਸ ਦਿਨ ਹੋਲਾ ਮਹੱਲਾ ਅਤੇ ਨਵੇਂ ਵਰ੍ਹੇ 1, ਚੇਤ ਨਾਨਕਸ਼ਾਹੀ ਸੰਮਤ 557 ਨੂੰ ਸਮਰਪਿਤ 8:25-9:15 ਸਵੇਰ ਨੂੰ  ਵਿਸ਼ੇਸ ਅਸੈਂਬਲੀ ਹੋਵੇਗੀ। ਇਸ ਦਿਨ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਵੇਗਾ ਅਤੇ ਗੱਤਕੇ ਦੇ ਜੌਹਰ ਦਿਖਾਏ ਜਾਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਆਪ ਜੀ ਨਾਲ਼ ਆਉਣ ਵਾਲ਼ੇ ਦਿਨਾਂ ਵਿੱਚ ਸਾਂਝੀ ਕੀਤੀ ਜਵੇਗੀ।

245228 Conrich RD, Conrich, AB, T1Z 0N8
Phone: 403-293-7712 Fax: 403-293-2245






